بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਯਕ਼ੀਨਨ ਤੁਹਾਡੇ ਲਈ ਅੱਲਾਹ ਦੇ ਰਸੂਲ ਸੱਲ-ਲੱਲਾਹੁ ਅਲੈਹਿ-ਵਸੱਲਮ ਵਿੱਚ ਨੇਕ ਨਮੂਨਾ ਹੈ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 19 ਦਿਸੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਸੂਰਤ **ਅਲ-ਅਹਜ਼ਾਬ** ਦੀ ਆਯਤ 22 ਦੀ ਤਿਲਾਵਤ ਕੀਤੀ ਅਤੇ ਫ਼ਰਮਾਇਆ ਕਿ ਯਕ਼ੀਨਨ ਤੁਹਾਡੇ ਲਈ ਅੱਲਾਹ ਦੇ ਰਸੂਲ ਵਿੱਚ ਨੇਕ ਨਮੂਨਾ ਹੈ, ਹਰ ਉਸ ਸ਼ਖ਼ਸ ਦੇ ਲਈ ਜਿਹੜਾ ਅੱਲਾਹ ਅਤੇ ਆਖ਼ਿਰਤ ਦੇ ਦਿਨ ਦੀ ਉਮੀਦ ਰੱਖਦਾ ਹੈ ਅਤੇ ਅੱਲਾਹ ਨੂੰ ਬਹੁਤ ਜ਼ਿਆਦਾ **ਯਾਦ** ਕਰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਕੋਲੋਂ ਕਿਸੇ ਨੇ ਪੁੱਛਿਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉੱਚੇ **ਅਖ਼ਲਾਕ** ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ (ਕਿਰਦਾਰ) ਬਾਰੇ ਕੁੱਝ ਦੱਸੋ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਜਵਾਬ ਦਿੱਤਾ ਕਿ ਕੀ ਤੁਸੀਂ ਕ਼ੁਰਆਨ ਕਰੀਮ ਨਹੀਂ ਪੜ੍ਹਿਆ? ਉਸ ਵਿੱਚ ਤਾਂ ਅੱਲਾਹ ਤਆਲਾ ਨੇ ਆਪ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ ਬਾਰੇ ਗਵਾਹੀ ਦੇ ਦਿੱਤੀ ਹੈ। ਜਿਵੇਂ ਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ وَاِنَّكَ لَعَلٰى خُلُقٍ عَظِيْمٍ ਤੂੰ ਯਕ਼ੀਨਨ ਅਖ਼ਲਾਕ਼ ਦੇ ਸਭ ਤੋਂ ਉੱਚੇ ਮੁਕ਼ਾਮ ‘ਤੇ ਹੈਂ।

ਬਸ ਨਮੂਨੇ (ਅਨੁਸਰਣ ਕਰਨ ਯੋਗ, ਕ਼ਾਬਿਲਿ ਤਕ਼ਲੀਦ) ਤਾਂ ਉਹੀ ਬਣਿਆ ਕਰਦੇ ਹਨ ਜਿਹੜੇ ਕਿਸੇ ਚੀਜ਼ ਦੇ ਉੱਚੇ ਮੁਕ਼ਾਮ ‘ਤੇ ਹੋਣ। ਜਿੱਥੋਂ ਤੱਕ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਗੱਲ ਹੈ, ਚਾਹੇ ਖ਼ੁਦਾ ਤਆਲਾ ਦੇ ਹੱਕ਼ਾਂ ਦਾ ਸਵਾਲ ਹੋਵੇ ਜਾਂ ਬੰਦਿਆਂ ਦੇ ਹੱਕ਼ਾਂ ਦਾ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਨ੍ਹਾਂ ਦੋਹਾਂ ਵਿੱਚ ਉੱਚਾ ਮੁਕ਼ਾਮ ਰੱਖਦੇ ਸਨ, ਜਿਸ ਦੀ ਅੱਲਾਹ ਤਆਲਾ ਨੇ **ਗਵਾਹੀ** ਦਿੱਤੀ ਹੈ। ਇਸੇ ਲਈ ਅੱਲਾਹ ਤਆਲਾ ਨੇ ਸਾਨੂੰ ਫ਼ਰਮਾਇਆ ਕਿ ਇਹ ਰਸੂਲ ਤੁਹਾਡੇ ਲਈ ਉਸਵਃ ਹੈ, ਸਿਰਫ਼ ਇਸ ਦੀਆਂ ਗੱਲਾਂ ਨਾ ਸੁਣੋ ਬਲਕਿ ਇਸ ‘ਤੇ ਅਮਲ ਵੀ ਕਰੋ। ਇਮਾਨ ਲਿਆਉਣਾ ਕਾਫ਼ੀ ਨਹੀਂ। ਜਦ ਤੁਸੀਂ **ਅਮਲ** ਕਰੋਗੇ ਤਾਂ ਯਕ਼ੀਨਨ ਤੁਸੀਂ ਉਹ ਮੁਕ਼ਾਮ ਹਾਸਿਲ ਕਰ ਸਕੋਗੇ ਜਿਸ ਦੇ ਲਈ ਮੈਂ ਇਹ ਰਸੂਲ ਭੇਜਿਆ ਹੈ। ਬਸ ਇਹ ਉਹ ਮੁਕ਼ਾਮ ਹੈ ਜਿਹੜਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪ ਵੀ ਫ਼ਰਮਾਇਆ ਹੈ ਕਿ ਤੁਸੀਂ ਮੇਰੀ **ਸੁੰਨਤ** ਦੀ ਪੈਰਵੀ ਕਰੋ, ਮੇਰੇ ਅਮਲਾਂ ‘ਤੇ ਚੱਲੋ ਕਿਉਂਕਿ ਅੱਲਾਹ ਤਆਲਾ ਨੇ ਮੈਨੂੰ ਤੁਹਾਡੇ **ਸੁਧਾਰ** ਲਈ ਭੇਜਿਆ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾਉਂਦੇ ਹਨ ਕਿ **ਅਖ਼ਲਾਕ਼ਿ ਹਸਨਃ** ਦੀ ਤਕਮੀਲ ਦੇ ਲਈ ਮੈਨੂੰ ਭੇਜਿਆ ਗਿਆ ਹੈ। ਬਸ ਅਖ਼ਲਾਕ਼ ਦੀ ਤਕਮੀਲ ਉਹੀ ਕਰ ਸਕਦਾ ਹੈ ਜਿਹੜਾ ਇਨ੍ਹਾਂ ਸਭ ਸਿਫ਼ਤਾਂ ਦਾ ਹਾਮਿਲ ਹੋਵੇ ਅਤੇ ਉਸ ਵਿੱਚ ਸਾਰੀਆਂ ਸਿਫ਼ਤਾਂ ਪਾਈਆਂ ਜਾਂਦੀਆਂ ਹੋਣ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਖ਼ਲੀਫ਼ਤੁਲ੍ ਮਸੀਹ ਸਾਨੀ ਰਜ਼ਿ ਅੱਲਾਹੁ ਅਨਹੁ ਨੇ **ਦੀਬਾਚਾ ਤਫ਼ਸੀਰੁਲ੍ ਕ਼ੁਰਆਨ** ਵਿੱਚ ਅਤੇ ਸਾਡੀ ਸੀਰਤ ਦੀਆਂ ਕਿਤਾਬਾਂ ਵਿੱਚ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ

ਅਖ਼ਲਾਕ਼ ਅਤੇ ਸੀਰਤ ਦੇ ਬਾਰੇ ਗੱਲਾਂ ਮੌਜੂਦ ਹਨ। ਕੁੱਝ ਮੈਂ ਅੱਜ ਮੁਖ਼ਤਸਰ ਬਿਆਨ ਕਰਦਾ ਹਾਂ, ਆਇੰਦਾ ਜਦ ਵੀ ਮੌਕ਼ਾ ਮਿਲੇਗਾ, ਉਨ੍ਹਾਂ ਦੀ ਤਫ਼ਸੀਲ ਵੀ ਬਿਆਨ ਕਰਦਾ ਜਾਵਾਂਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਪਹਿਲੀ ਗੱਲ ਤਾਂ ਅੱਲਾਹ ਤਆਲਾ ਦਾ ਹੱਕ਼ ਹੈ ਯਾਨੀ ਅੱਲਾਹ ਤਆਲਾ ਦੀ **ਇਬਾਦਤ** ਦਾ ਹੱਕ਼। ਇਸ ਵਿੱਚ ਸਾਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਕੀ ਉਸਵਃ ਨਜ਼ਰ ਆਉਂਦਾ ਹੈ? ਅਸੀਂ ਦੇਖਦੇ ਹਾਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਾਰੀ ਜ਼ਿੰਦਗੀ **ਇਸ਼ਕ਼ਿ ਇਲਾਹੀ** ਵਿੱਚ ਡੁੱਬੀ ਹੋਈ ਹੈ ਬਾਵਜੂਦ ਇਸ ਦੇ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਨਵੀਂ ਸ਼ਰੀਅਤ ਨੂੰ ਜਾਰੀ ਕਰਨਾ ਅਤੇ ਲੋਕਾਂ ਦੀ ਤਰਬੀਅਤ ਕਰਨ ਵਰਗੀਆਂ ਬਹੁਤ ਵੱਡੀਆਂ **ਜ਼ਿੰਮੇਦਾਰੀਆਂ** ਸਨ ਪਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅੱਲਾਹ ਤਆਲਾ ਦਾ ਜਿਹੜਾ ਹੱਕ਼ ਸੀ, ਯਾਨੀ ਇਬਾਦਤ ਦਾ ਹੱਕ਼, ਉਸ ਨੂੰ ਕਦੇ ਨਹੀਂ ਭੁੱਲੇ। ਇਹ ਬਹੁਤ ਵੱਡੀ ਅਤੇ ਅਹਿਮ ਗੱਲ ਹੈ। ਇਸ ਦੌਰਾਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮੁਸ਼ਕਿਲਾਂ ਵੀ ਪੇਸ਼ ਆਈਆਂ, ਜੰਗਾਂ ਲਈ ਵੀ ਜਾਣਾ ਪਿਆ, ਦੁਸ਼ਮਣਾਂ ਨੇ ਹਮਲੇ ਵੀ ਕੀਤੇ ਪਰ ਅੱਲਾਹ ਤਆਲਾ ਦੀ ਇਬਾਦਤ ਦਾ ਹੱਕ਼ ਅਦਾ ਕਰਨ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਦੀ ਕਮੀ ਨਹੀਂ ਕੀਤੀ। ਬਸ ਇਹ ਉਹ ਉਸਵਃ ਹੈ ਜਿਹੜਾ ਸਾਡੇ ਸਾਹਮਣੇ ਵੀ ਹੈ ਕਿ ਅਸੀਂ ਹਰ ਹਾਲ ਵਿੱਚ ਅੱਲਾਹ ਤਆਲਾ ਨੂੰ ਸਾਹਮਣੇ ਰੱਖੀਏ ਅਤੇ ਜਦ ਅਸੀਂ ਅੱਲਾਹ ਤਆਲਾ ਨੂੰ ਸਾਹਮਣੇ ਰੱਖਾਂਗੇ ਤਾਂ ਸਾਡੇ ਵੱਖ-ਵੱਖ ਮਸਲੇ ਆਪਣੇ ਆਪ ਹੱਲ ਹੁੰਦੇ ਚਲੇ ਜਾਣਗੇ। ਲੋਕ ਆਪਣੇ ਮਸਲਿਆਂ ਦੇ ਲਈ ਤਾਂ ਦੁਆ ਕਰਦੇ ਹਨ ਪਰ ਅਸੀਂ ਅੱਲਾਹ ਤਆਲਾ ਦਾ ਹੱਕ਼ ਅਦਾ ਨਹੀਂ ਕਰਦੇ ਇਸ ਲਈ ਫਿਰ ਇਨਸਾਨ **ਵਾਂਝਾ** ਰਹਿ ਜਾਂਦਾ ਹੈ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਇਬਾਦਤਾਂ ਦੇ ਮਿਆਰ ਕੀ ਸਨ? ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅੱਧੀ ਰਾਤ ਲੰਘਣ ‘ਤੇ ਖ਼ੁਦਾ ਤਆਲਾ ਦੀ ਇਬਾਦਤ ਦੇ ਲਈ ਖੜੇ ਹੋ ਜਾਂਦੇ ਸਨ ਅਤੇ ਇਸ ਦੀ ਅੱਲਾਹ ਤਆਲਾ ਨੇ ਵੀ ਗਵਾਹੀ ਦਿੱਤੀ ਹੈ। ਇਸੇ ਤਰ੍ਹਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਵਿੱਚ ਇਹ ਵਾਕ਼ਿਆ ਵੀ ਮਿਲ਼ਦਾ ਹੈ ਕਿ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅੱਲਾਹ ਤਆਲਾ ਦਾ **ਕਲਾਮ** ਸੁਣਦੇ ਤਾਂ ਬੇ-ਇਖ਼ਤਿਆਰ ਹੋ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਅੱਖਾਂ ਵਿੱਚ **ਅੱਥਰੂ** ਆ ਜਾਂਦੇ। ਖ਼ਾਸ ਕਰ ਉਹ ਆਯਤਾਂ ਜਿਨ੍ਹਾਂ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਆਪਣੀ ਜ਼ਿੰਮੇਦਾਰੀਆਂ ਵੱਲ ਤਵੱਜੋ ਦਵਾਈ ਗਈ ਹੈ। ਇੱਕ ਵਾਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਰਸ਼ਾਦ ‘ਤੇ ਹਜ਼ਰਤ ਅਬਦੁੱਲਾਹ ਬਿਨ ਮਸਊਦ ਰਜ਼ਿ ਅੱਲਾਹੁ ਅਨਹੁ ਨੇ **ਸੂਰਤੁੰਨ੍ ਨਿਸਾਅ** ਪੜ੍ਹ ਕੇ ਸੁਣਾਉਣੀ ਸ਼ੁਰੂ ਕੀਤੀ ਅਤੇ ਪੜ੍ਹਦੇ ਪੜ੍ਹਦੇ ਇਸ ਆਯਤ ‘ਤੇ ਪਹੁੰਚੇ ਕਿ ਯਾਨੀ ਉਸ ਵੇਲ਼ੇ ਕੀ ਹਾਲ ਹੋਵੇਗਾ ਜਦ ਅਸੀਂ ਹਰ ਕ਼ੌਮ ਵਿੱਚੋਂ ਉਸਦੇ ਨਬੀ ਨੂੰ ਉਸਦੀ ਕ਼ੌਮ ਦੇ ਸਾਹਮਣੇ ਖੜਾ ਕਰਕੇ ਉਸ ਕ਼ੌਮ ਦਾ ਹਿਸਾਬ ਲਵਾਂਗੇ ਅਤੇ ਤੈਨੂੰ ਵੀ ਤੇਰੀ ਕ਼ੌਮ ਦੇ ਸਾਹਮਣੇ ਖੜਾ ਕਰਕੇ ਉਸ ਦਾ ਹਿਸਾਬ ਲਵਾਂਗੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਬਸ ਕਰੋ! ਬਸ ਕਰੋ! ਸਹਾਬੀ ਕਹਿੰਦੇ ਹਨ ਕਿ ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵੱਲ ਦੇਖਿਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਦੋਹੇ ਅੱਖਾਂ ‘ਚੋਂ ਟੱਪ ਟੱਪ **ਅੱਥਰੂ** ਵਹਿ ਰਹੇ ਸਨ। ਇੰਨਾ **ਭੈ** ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਤਾਰੀ ਹੋ ਗਿਆ ਅਤੇ ਉਸ ਵੇਲ਼ੇ ਯਕ਼ੀਨਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕ਼ੌਮ ਦੀ ਵੀ ਫ਼ਿਕਰ ਹੋਵੇਗੀ ਕਿ ਮੇਰੀ ਕ਼ੌਮ ਕੋਈ ਅਜਿਹੀ ਹਰਕਤ ਨਾ ਕਰ ਬੈਠੇ ਜਿਹੜੀ ਅੱਲਾਹ ਤਆਲਾ ਦੀ **ਨਾਰਾਜ਼ਗੀ** ਦਾ ਕਾਰਨ ਬਣੇ ਅਤੇ ਫਿਰ ਮੈਨੂੰ ਇਸ ਦੇ **ਖ਼ਿਲਾਫ਼** ਗਵਾਹੀ ਦੇਣੀ ਪਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਨਮਾਜ਼ ਦੀ ਪਾਬੰਦੀ ਦੇਖ ਲਓ। ਇਸ ਦਾ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇੰਨਾ ਖ਼ਿਆਲ ਸੀ ਕਿ ਸਖ਼ਤ ਬਿਮਾਰੀ ਦੀ ਹਾਲਤ ਵਿੱਚ ਵੀ ਆਖ਼ਰੀ ਦਿਨਾਂ ਵਿੱਚ ਜਦ ਨਮਾਜ਼ ਲੰਮੇ ਪੈ ਕੇ ਪੜ੍ਹ ਲੈਣ ਦੀ ਇਜਾਜ਼ਤ ਹੁੰਦੀ ਹੈ, ਤਾਰੀਖ਼ ਵਿੱਚ ਆਉਂਦਾ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਲੋਕਾਂ ਦਾ **ਸਹਾਰਾ** ਲੈ ਕੇ ਮਸਜਿਦ ਵੱਲ ਗਏ। ਇਸੇ ਤਰ੍ਹਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਬਨਾਵਟ ਦੀ ਇਬਾਦਤ ਵੀ ਪਸੰਦ ਨਹੀਂ ਕਰਦੇ ਸਨ। ਬਾਵਜੂਦ ਇੰਨੀ ਇਬਾਦਤਾਂ ਦੇ ਵੱਲ ਤਵੱਜੋ ਦਵਾਉਣ ਦੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕਹਿੰਦੇ ਸਨ ਕਿ ਬਨਾਵਟ ਨਹੀਂ ਹੋਣੀ ਚਾਹੀਦੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਹਰ ਸ਼ਖ਼ਸ ਨੂੰ ਚਾਹੀਦਾ ਹੈ

ਕਿ ਉਨੀ ਦੇਰ ਇਬਾਦਤ ਕਰੇ ਕਿ ਜਦ ਤੱਕ ਉਸਦੇ ਦਿਲ ਵਿੱਚ ਖੁਸ਼ੀ (ਤਾਜ਼ਗੀ) ਰਹੇ, ਜਦ ਉਹ ਥੱਕ ਜਾਵੇ ਤਾਂ ਬੈਠ ਜਾਵੇ, ਬਨਾਵਟ ਵਾਲੀ ਇਬਾਦਤ ਕੋਈ **ਫ਼ਾਇਦਾ** ਨਹੀਂ ਪਹੁੰਚਾ ਸਕਦੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਕੱਲ ਦੇ ਲੋਕਾਂ ਲਈ ਇਹ ਵੀ ਦੱਸ ਦੇਵਾਂ ਕਿ ਇਸ ਦਾ ਇਹ ਮਤਲਬ ਵੀ ਨਹੀਂ ਕਿ ਬਨਾਵਟ ਵਿੱਚ ਪੈਣ ਦੀ ਲੋੜ ਨਹੀਂ ਹੈ, ਇਸ ਲਈ ਛੇਤੀ ਛੇਤੀ ਨਮਾਜ਼ ਪੜ੍ਹੋ, ਇੱਕ **ਫਰਜ਼** ਹੈ, ਅਦਾ ਕਰੋ **ਗਲੋਂ** ਲਾਹੋ। ਕਈ ਵਾਰ ਮੈਨੂੰ ਇੱਥੇ ਵੀ ਲੋਕ ਸਵਾਲ ਪੁੱਛ ਲੈਂਦੇ ਹਨ ਕਿ ਨਮਾਜ਼ ਕਿਸ ਤਰ੍ਹਾਂ ਪੜ੍ਹਨੀ ਚਾਹੀਦੀ ਹੈ। ਤਾਂ ਨਮਾਜ਼ ਉਸੇ ਤਰ੍ਹਾਂ ਪੜ੍ਹਨੀ ਚਾਹੀਦੀ ਹੈ ਕਿ ਉਸਨੂੰ ਸਵਾਰ ਕੇ ਪੜ੍ਹੋ।

ਖ਼ੁਦਾ ਤਆਲਾ ਦੇ ਹਜ਼ੂਰ **ਨਿਮਰਤਾ** ਦੀ ਇਹ ਹੱਦ ਸੀ ਕਿ ਜਦ ਲੋਕਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕਿਹਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਾਂ ਆਪਣੇ ਅਮਲ ਦੇ ਜ਼ੋਰ ਨਾਲ਼ ਖ਼ੁਦਾ ਦਾ **ਫ਼ਜ਼ਲ** ਨੂੰ ਹਾਸਿਲ ਕਰ ਲਵੋਗੇ ਕਿਉਂਕਿ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਸਨਦ ਅਤਾ ਫ਼ਰਮਾ ਦਿੱਤੀ ਹੈ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ ਨੂੰ ਮੁਸਲਮਾਨਾਂ ਦੇ ਲਈ ਅਮਲ ਦਾ ਇੱਕ ਮਿਆਰ ਕ਼ਰਾਰ ਦਿੱਤਾ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਨਹੀਂ! ਨਹੀਂ! ਮੈਂ ਵੀ ਖ਼ੁਦਾ ਦੇ **ਅਹਿਸਾਨ** ਨਾਲ਼ ਹੀ ਬਖ਼ਸ਼ਿਆ ਜਾਵਾਂਗਾ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਸੀਹਤ ਕਰਦੇ ਹੋਏ ਫ਼ਰਮਾਇਆ ਕਿ ਆਪਣੇ ਕੰਮਾਂ ਵਿੱਚ ਨੇਕੀ ਇਖ਼ਤਿਆਰ ਕਰੋ ਅਤੇ ਖ਼ੁਦਾ ਤਆਲਾ ਦੀ ਨੇੜਤਾ ਦੀਆਂ ਰਾਹਾਂ ਤਲਾਸ਼ ਕਰੋ ਅਤੇ ਫ਼ਰਮਾਇਆ ਕਿ ਤੁਹਾਡੇ ਵਿੱਚੋਂ ਕੋਈ ਸ਼ਖ਼ਸ ਆਪਣੀ **ਮੌਤ** ਦੀ ਖ਼ਾਹਿਸ਼ ਨਾ ਕਰਿਆ ਕਰੇ। ਜੇਕਰ ਉਹ ਨੇਕ ਹੈ ਤਾਂ ਜਿਉਂਦਾ ਰਹਿ ਕੇ ਆਪਣੀਆਂ ਨੇਕੀਆਂ ਵਿੱਚ ਹੋਰ ਵੀ ਵਧ ਜਾਵੇਗਾ ਅਤੇ ਜੇਕਰ ਬੁਰਾ ਹੈ ਤਾਂ ਜਿਉਂਦਾ ਰਹਿ ਕੇ ਉਸਨੂੰ ਆਪਣੇ ਗੁਨਾਹਾਂ ਤੋਂ ਤੌਬਾ ਕਰਨ ਦੀ ਤੌਫ਼ੀਕ਼ ਮਿਲੇਗੀ। ਇੱਕ ਬਹੁਤ ਅਹਿਮ ਨਸੀਹਤ ਹੈ ਜਿਸ ਨੂੰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਦੀ ਵੀ ਮੌਤ ਦੀ ਤਮੱਨਾ ਨਹੀਂ ਕਰਨੀ ਚਾਹੀਦੀ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕਰਮਾਂ ਬਾਰੇ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਇੱਕ ਜਗ੍ਹਾ ਫ਼ਰਮਾਉਂਦੀ ਹਨ ਕਿ ਜ਼ਿੰਦਗੀ ਵਿੱਚ ਕਦੀ ਕੋਈ ਅਜਿਹਾ ਮੌਕ਼ਾ ਨਹੀਂ ਆਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਦੋ ਰਸਤੇ ਖੁੱਲ੍ਹੇ ਹੋਣ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਨ੍ਹਾਂ ਦੋਹਾਂ ਰਸਤਿਆਂ ਵਿੱਚੋਂ ਆਸਾਨ ਰਸਤਾ ਇਖ਼ਤਿਆਰ ਨਾ ਕੀਤਾ ਹੋਵੇ **ਬ-ਸ਼ਰਤਿਕੇ** ਆਸਾਨ ਰਸਤਾ ਇਖ਼ਤਿਆਰ ਕਰਨ ਵਿੱਚ ਕੋਈ ਗੁਨਾਹ ਦਾ **ਖ਼ਦਸ਼ਾ** ਨਾ ਪਾਇਆ ਜਾਂਦਾ ਹੋਵੇ।

**ਬਨੀ ਨੌਅ ਇਨਸਾਨ** ਨਾਲ਼ ਮੁਆਮਲਿਆਂ ਦਾ ਜਿੱਥੋਂ ਤੱਕ ਤਅੱਲੁਕ਼ ਹੈ, ਇਸ ਵਿੱਚ ਆਪਣੇ ਘਰ ਤੋਂ ਸ਼ੁਰੂ ਕਰਦੇ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬੀਵੀਆਂ ਦੇ ਹੱਕ਼ ਵਿੱਚ ਕੈਸਾ ਮੁਆਮਲਾ ਹੋਇਆ ਕਰਦਾ ਸੀ? ਬਹੁਤ ਨਰਮ ਅਤੇ ਇਨਸਾਫ਼ ਭਰਪੂਰ ਮੁਆਮਲਾ ਹੁੰਦਾ ਸੀ। ਜੇਕਰ ਅੱਜ ਕੱਲ ਦੇ ਲੋਕ ਵੀ ਇਸ ਨੂੰ ਸਮਝ ਲੈਣ ਤਾਂ ਘਰਾਂ ਦੇ ਬਹੁਤ ਸਾਰੇ ਝਗੜੇ ਅਤੇ ਫ਼ਸਾਦ ਦੂਰ ਹੋ ਜਾਣ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਤਹੱਮੁਲ (ਸਬਰ) ਦਾ ਇਹ ਆਲਮ ਸੀ ਕਿ ਜਦ ਖ਼ੁਦਾ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਬਾਦਸ਼ਾਹਤ ਅਤਾ ਫ਼ਰਮਾ ਦਿੱਤੀ ਤਦ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਹਰ ਇੱਕ ਦੀ ਗੱਲ ਸੁਣਦੇ ਸਨ। ਜੇਕਰ ਕੋਈ ਸਖ਼ਤੀ ਵੀ ਕਰਦਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ **ਖ਼ਾਮੋਸ਼** ਹੋ ਜਾਂਦੇ ਸਨ। ਕਈ ਵਾਰ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਰਸਤਾ ਰੋਕ ਕੇ ਖੜੇ ਹੋ ਜਾਂਦੇ ਅਤੇ ਆਪਣੀਆਂ ਜ਼ਰੂਰਤਾਂ ਬਿਆਨ ਕਰਨੀਆਂ ਸ਼ੁਰੂ ਕਰ ਦਿੰਦੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਵੇਲ਼ੇ ਤੱਕ ਖੜੇ ਰਹਿੰਦੇ ਜਦ ਤੱਕ ਕਿ ਉਹ ਆਪਣੀ ਗੱਲ ਖ਼ਤਮ ਨਹੀਂ ਕਰ ਲੈਂਦੇ ਸਨ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅੱਗੇ ਚੱਲ ਪੈਂਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹੋਰ ਬਹੁਤ ਸਾਰੀਆਂ ਗੱਲਾਂ ਹਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੀਆਂ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਇਨਸਾਫ਼**, **ਜਜ਼ਬਾਤ** ਦੇ ਇਹਤਰਾਮ, ਗ਼ਰੀਬਾਂ ਦਾ **ਖ਼ਿਆਲ** ਰੱਖਣ ਦੇ ਬਾਰੇ ਜਿਹੜੀਆਂ ਸਾਡੇ ਲਈ ਉਸਵਃ ਹਨ। ਬਸ ਅੱਲਾਹ ਤਆਲਾ ਸਾਨੂੰ ਇਹ ਤੌਫ਼ੀਕ਼ ਅਤਾ ਫ਼ਰਮਾਵੇ ਕਿ ਅਸੀਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ 'ਤੇ ਅਮਲ ਕਰਦੇ ਹੋਏ ਹਕ਼ੀਕ਼ੀ ਮੁਸਲਮਾਨ ਬਣਨ

ਦੀ ਕੋਸ਼ਿਸ਼ ਕਰੀਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਸ **ਪੈਗ਼ਾਮ** ਨੂੰ ਦੁਨੀਆ ਵਿੱਚ ਪਹੁੰਚਾਉਣ ਵਾਲੇ ਵੀ ਹੋਈਏ ਤਾਂ ਜੋ ਦੁਨੀਆ ਨੂੰ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਝੰਡੇ ਤਲੇ ਲਿਆਉਣ ਵਾਲੇ ਹੋਈਏ। ਅੱਲਾਹ ਤਆਲਾ ਸਾਨੂੰ ਇਸਦੀ **ਤੌਫ਼ੀਕ਼** ਅਤਾ ਫ਼ਰਮਾਵੇ। أَللّٰهُمَّ صَلِّ عَلٰى مُحَمَّدٍ وَّعَلٰى آلِ مُحَمَّدٍ وَّبَارِكْ وَسَلِّمْ إِنَّكَ حَمِيْدٌ مَّجِيْدٌ

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਮੁਕੱਰਮ ਲਈਕ਼ ਅਹਮਦ ਤਾਹਿਰ ਸਾਹਬ ਮੁਰੱਬੀ ਸਿਲਸਿਲਾ ਦਾ **ਨਮਾਜ਼ਿ ਜਨਾਜ਼ਾ ਹਾਜ਼ਿਰ** ਅਤੇ ਮੁਕੱਰਮ ਸੇਘਾ ਜਾਲੂ ਸਾਹਿਬ ਨਾਇਬ ਸਦਰ ਰੀਜਨ ਸੇਘੋ, ਮਾਲੀ ਦਾ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਦੋਹਾਂ ਮਰਹੂਮਾਂ ਦਾ **ਜ਼ਿਕਰਿ ਖ਼ੈਰ** ਕੀਤਾ ਅਤੇ ਉਨ੍ਹਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞